بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّی عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 21.04.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਨਾਜ਼ੁਕ ਸਮਾਂ ਹੈ, ਇਲਾਹੀ ਕਹਿਰ ਪ੍ਰਕਟ ਹੋ ਰਿਹਾ ਹੈ ਅਤੇ ਜੋ ਰੱਬ ਦੀ ਮਰਜ਼ੀ ਅਨੁਸਾਰ ਆਪਣੇ ਆਪ ਨੂੰ ਬਣਾ ਲਏਗਾ ਉਹ ਆਪਣੀ ਜਾਨ, ਮਾਲ, ਸੰਤਾਨ ਤੇ ਪਰਿਵਾਰ'ਤੇ ਰਹਿਮ ਕਰੇਗਾ ਦੁਨੀਆ ਦੇ ਹਾਲਾਤ ਜੋ ਵਿਗੜ ਰਹੇ ਹਨ ਅੱਜ ਕੱਲ ਇਸ'ਤੇ ਗ਼ੌਰ ਕਰਦਿਆਂ ਹੋਇਆਂ ਸਾਰਿਆਂ ਨੂੰ ਰੱਬ ਵੱਲ ਧਿਆਨ ਕਰਨਾ ਚਾਹੀਦਾ ਹੈ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 21 ਅਪ੍ਰੈਲ 2017 ਈ. ਨੂੰ ਜਰਮਨੀ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਰੱਬ ਦੀ ਸਾਡੇ ਉਪੱਰ ਇਹ ਮਿਹਰ ਹੈ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਿਆ ਅਤੇ ਆਪ ਦੀ ਬੈਅਤ ਵਿੱਚ ਸ਼ਾਮਲ ਹੋਏ ਹਾਂ । ਇਹ ਗੱਲ ਸਾਡੀ ਆਸਥਾ ਨੂੰ ਵਧਾਉਣ ਦਾ ਸਾਧਨ ਹੋਣੀ ਚਾਹੀਦੀ ਹੈ । ਕਿਉਂਕਿ ਜੇਕਰ ਮੰਨਣ ਦੇ ਬਾਦ ਅਸੀਂ ਆਪਣੇ ਇਮਾਨ ਤੇ ਵਿਸ਼ਵਾਸ ਵਿੱਚ ਨਹੀਂ ਵਧੱਦੇ ਤਾਂ ਇਸ ਮੰਨ੍ਹਣ ਨਾਲ ਕੋਈ ਲਾਭ ਨਹੀਂ । ਬਿਨਾ ਕਿਸੇ ਹੀਨ ਭਾਵਨਾ ਦੇ ਅਤੇ ਬਿਨਾ ਕਿਸੇ ਸੰਕੋਚ ਦੇ ਸਾਨੂੰ ਖੁਲੱਕੇ ਇਸਲਾਮ ਦਾ ਸੰਦੇਸ਼ ਪਹੁੰਚਾਉਣਾ ਚਾਹੀਦਾ ਹੈ । ਕਈ ਵਾਰ ਮੁੰਡਿਆਂ ਤੇ ਕੁੜੀਆਂ ਦੋਹਾਂ ਵਿੱਚ ਇਹ ਵਿਚਾਰ ਪੈਦਾ ਹੋ ਜਾਂਦਾ ਹੈ ਕਿ ਮੁਸਲਮਾਨਾ ਦੀ ਜੋ ਅਵਸਥਾ ਹੈ ਅਤੇ ਜੋ ਉਪਦੱਰਾਂ ਤੇ ਫ਼ਸਾਦਾਂ ਵੱਲ ਮੜ੍ਹਿਆ ਜਾਂਦਾ ਹੈ ਇਸ ਪੱਖੋਂ ਇਸ ਕਰਕੇ ਇਸਲਾਮ ਬਾਰੇ ਬਹੁਤੀ ਗੱਲ ਨ ਕਰਨ ਜੱਦ ਕੇ ਦੂਜਿਆਂ ਮੁਸਲਮਾਨਾਂ ਦੇ ਅਮਲਾਂ ਕਰਕੇ ਸਾਨੂੰ ਤਾਂ ਹੋਰ ਵਧੇਰੇ ਜੁਰੱਤ ਪੈਦਾ ਹੋਣੀ ਚਾਹੀਦੀ ਹੈ ਕਿ ਇਸਲਾਮ ਦਾ ਵਾਸਤਵਿਕ ਸਵਰੂਪ ਦੁਨੀਆ ਨੂੰ ਦਿਖਾਇਆ ਜਾਵੇ ਅਤੇ ਦੱਸਿਆ ਜਾਵੇ ਕਿ ਇਹ ਇਸਲਾਮ ਦੀ ਸਚੱਾਈ ਦਾ ਪ੍ਰਮਾਣ ਹੈ, ਜੋ ਇਸ ਸਮੇਂ ਮੁਸਲਮਾਨਾਂ ਦੀ ਹਾਲਤ ਹੈ ਕਿਉਕਿ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਹ ਭਵਿੱਖਬਾਣੀ ਕੀਤੀ ਸੀ ਕਿ ਇਕ ਸਮਾਂ ਆਏਗਾ ਜਦੱ ਮੁਸਲਮਾਨਾਂ ਵਿੱਚ ਵਿਗਾੜ ਪੈਦਾ ਹੋ ਜਾਵੇਗਾ, ਉਪਦੱਰ ਤੇ ਫ਼ਸਾਦ ਹੋਵੇਗਾ ਅਤੇ ਅਖੋਤੀ ਮੌਲਵੀ ਜ਼ਿੱਮੇਦਾਰ ਹੋਣਗੇ । ਦੁਨੀਦਾਰੀ ਮੁਸਲਮਾਨਾ'ਤੇ ਛਾਈ ਹੋਵੇਗੀ ਅਤੇ ਉਸ ਸਮੇਂ ਮਸੀਹ ਮੌਊਦ ਤੇ ਮਹਦੀ ਮਾਹੂਦ ਪ੍ਰਗਟ ਹੋਣਗੇ ਅਤੇ ਇਸਲਾਮ ਦਾ ਵਾਸਤਵਿਕ ਰੂਪ ਦੁਨੀਆ ਦੇ ਸਾਹਮਣੇ ਪੇਸ਼ ਕਰਨਗੇ । ਅਸੀਂ ਅਹਮਦੀ ਉਹ ਹਾਂ ਜੋ ਇਸ ਮਸੀਹ ਮੌਊਦ ਨੂੰ ਮੰਨ੍ਹਣ

ਵਾਲੇ ਹਨ ਅਤੇ ਹਕੀਕੀ ਇਸਲਾਮੀ ਸਿੱਖਿਆ ਨੂੰ ਜਿਸ ਸੁੰਦਰ ਸਰੂਪ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਦਿਖਾਏ, ਸਿਖਾਏ ਤੇ ਉਸ'ਤੇ ਅਮਲ ਕਰਨ ਵਾਲੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜਿਸ ਜਮਾਤ ਨੂੰ ਸਥਾਪਤ ਕਰਨ ਆਏ ਸਨ ਉਹ ਕੇਵਲ ਆਸਥਾਵਾਂ ਦਾ ਸੁਧਾਰ ਕਰਨ ਵਾਲੇ ਨਹੀਂ ਸਨ, ਸਗੋਂ ਹਰ ਪਧੱਰ ਤੇ ਹਰ ਪੱਖੋਂ ਕਰਮ ਰੂਪੀ ਸੁਧਾਰ ਕਰਨ ਵਾਲੀ ਜਮਾਤ ਸੀ । ਸੋ ਇਸ ਪੱਖੋਂ ਸਾਡੇ ਵਿੱਚੋਂ ਹਰ ਇਕ ਨੂੰ ਆਪਣਾ ਜਾਇਜ਼ਾ ਲੈਂਣਾ ਚਾਹੀਦਾ ਹੈ ਕਿ ਅਸੀਂ ਉਸ ਨੂੰ ਹਾਸਲ ਕਰਨ ਦਾ ਜਤਨ ਕਰ ਰਹੇ ਹਾਂ ਜਾਂ ਨਹੀਂ ? ਇਹ ਕੁਦਰਤੀ ਗੱਲ ਹੈ ਕਿ ਜੱਦ ਸਾਡੀ ਸੰਖਿਆ ਵਧੇਗੀ ਤਾਂ ਦੁਨੀਆ ਨਾਲ ਪਰੀਚੇ ਵੀ ਹੋਵੇਗਾ ਅਤੇ ਅਲੋਚਨਾਤਮਕ ਦ੍ਰਿਸ਼ਟੀ ਵੀ ਵਧੇਗੀ ਅਤੇ ਵਧੱਦੀ ਜਾ ਰਹੀ ਹੈ । ਸੋ ਇਹ ਗਲੱਾਂ ਸਾਥੋਂ ਮੰਗ ਕਰਦੀਆਂ ਹਨ ਕਿ ਸਾਨੂੰ ਹਰ ਇਕ ਨੂੰ ਆਪਣੇ ਕਰਮ ਰੂਪੀ ਅਵਸਥਾ ਦੇ ਮਿਆਰ ਨੂੰ ਵਧਾਉਣਾ ਹੈ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਦੇ ਉਦੇਸ਼ ਨੂੰ ਪੂਰਾ ਕਰਨਾ ਹੈ ।

ਬੀਤੇ ਦਿਨੀ ਜਰਮਨੀ ਦੇ ਵੱਖ ਵੱਖ ਸ਼ਹਿਰਾਂ ਵਿੱਚ ਮਸਜਿਦਾਂ ਦੇ ਉਧਘਾਟਣ ਤੇ ਨੀਂਹ ਪਥੱਰ ਰਖੱਣ ਦੇ ਪ੍ਰੋਗਰਾਮ ਹੋਏ । ਇਹਨਾਂ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਅਤੇ ਲੋਕਲ ਰਾਜਨੀਤਕਾਂ ਦੇ ਵਿਚਾਰਾਂ ਤੋਂ ਪਤਾ ਲਗੱਦਾ ਹੈ ਕਿ ਕਿ ਰੱਬ ਦੀ ਮਿਹਰ ਨਾਲ ਲੋਕਲ ਅਹਮਦੀਆਂ ਦਾ ਸਥਾਨਕ ਲੋਕਾਂ ਉਪੱਰ ਚੰਗਾ ਪ੍ਰਭਾਵ ਹੈ ਪਰ ਮੈਂਨੂੰ ਇਹ ਵੀ ਅਹਿਸਾਸ ਹੋਇਆ ਕਿ ਇਸਲਾਮ ਦੀ ਹਕੀਕੀ ਸਿੱਖਿਆ ਜਿਸ ਦਾ ਲੋਕਾਂ ਨੂੰ ਪਰੀਚੇ ਹੋਣਾ ਚਾਹੀਦਾ ਸੀ ਉਸ ਪ੍ਰਕਾਰ ਨਹੀਂ ਹੋਇਆ ਜਿਵੇਂ ਹੋਣਾ ਚਾਹੀਦਾ ਸੀ ਕਿਉਂਕਿ ਅਨੇਕਾਂ ਲੋਕਾਂ ਨੇ ਇਹ ਕਿਹਾ ਕਿ ਇਸਲਾਮ ਦੀ ਹਕੀਕੀ ਸਿੱਖਿਆ ਦਾ ਸਾਨੂੰ ਨਹੀਂ ਪਤਾ ਸੀ, ਸਾਡੇ ਵਿਚਾਰਾਂ ਵਿੱਚ ਤਾਂ ਇਸਲਾਮ ਦੀ ਕਲਪਨਾ ਹੈ ਜੋ ਮੀਡੀਆ ਦਿਖਾਉਂਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸਲਾਮ ਦੀਆਂ ਗੱਲਾਂ ਲੋਕ ਸਾਡੇ ਕੋਲੋਂ ਸੁਣ ਕੇ ਕਿਵੇਂ ਆਪਣੇ ਵਿਚਾਰ ਬਦਲਦੇ ਹਨ, ਉਸ ਦੀਆਂ ਕੁਝ ਉਧਾਰਣਾ ਪੇਸ਼ ਕਰਦਾ ਹਾਂ । ਇਕ ਡਾਕਟਰ ਨੇ ਕਿਹਾ ਕਿ ਅੱਜ ਮੈਂ ਉਹ ਇਸਲਾਮ ਦੇਖਿਆ ਹੈ ਜੋ ਨਫ਼ਰਤ ਨਾਲ ਨਹੀਂ ਸਗੋਂ ਪਿਆਰ ਨਾਲ ਫੈਲ ਰਿਹਾ ਹੈ । ਇਕ ਇਸਤਰੀ ਕਹਿਣ ਲੱਗੀ ਕਿ ਜੋ ਗੱਲਾਂ ਅੱਜ ਮੈਂ ਸੁਣੀਆਂ ਹਨ ਕਦੇ ਮੁਸਲਮਾਨ ਲੀਡਰ ਤੋਂ ਨਹੀਂ ਸੁਣੀਆਂ । ਇਕ ਇਸਤਰੀ ਮਿਸ ਈਸਤਰ ਕਹਿਣ ਲੱਗੀ ਕਿ ਅੱਜ ਤੁਹਾਡੇ ਖ਼ਲੀਫ਼ਾ ਸਾਹਬ ਨੇ ਮੇਰੇ ਸਾਰਿਆਂ ਪ੍ਰਸ਼ਨਾ ਦੇ ਉਤੱਰ ਦੇ ਦਿੱਤੇ ਹਨ ਜੋ ਮੈਂ ਆਪਣੇ ਮਨ ਵਿੱਚ ਰਖੱਕੇ ਏਥੇ ਆਈ ਸੀ । ਕਹਿਣ ਲਗੀਂ ਕਿ ਮੈਂਨੂੰ ਇਸ ਗੱਲ ਦਾ ਡਰ ਹੈ ਕਿ ਅੱਜ ਮੈਂ ਐਂਨ੍ਹੀਆਂ ਸੁੰਦਰ ਗਲੱਾਂ ਸੁਣੀਆਂ ਹਨ ਅਤੇ ਕੱਲ ਇਸਲਾਮ ਦੇ ਨਾਂ'ਤੇ ਕੋਈ ਦਹਿਸ਼ਤਗਰਦ ਹਮਲਾ ਕਰ ਦੇਵੇ ਅਤੇ ਲੋਕ ਉਸ ਵੱਲ ਕੇਂਦਰਤ ਹੋ ਜਾਣਗੇ ਅਤੇ ਉਸ ਅਮਨ ਭਰਪੂਰ ਸੰਦੇਸ਼ ਨੂੰ ਭੁੱਲ ਜਾਣਗੇ । ਹਜ਼ੂਰ ਅਨਵਰ ਨੇ ਫ਼ਰਮਾਇਆ ਇਹ ਹਕੀਕਤ ਹੈ, ਇਸੇ ਪ੍ਰਕਾਰ ਹੁੰਦਾ ਹੈ ਅਤੇ ਮੀਡੀਆ ਦਾ ਵਿਸ਼ੇਸ਼ ਰੂਪ ਵਿੱਚ ਜਤਨ ਹੁੰਦਾ ਹੈ ਕਿ ਇਸਲਾਮ ਦੀ ਚੰਗੀ ਤਸਵੀਰ ਕਦੇ ਦੁਨੀਆ ਦੇ ਸਾਹਮਣੇ ਪੇਸ਼ ਨ ਹੋਵੇ ਇਸ ਲਈ ਸਾਡਾ ਕੰਮ ਹੈ ਕਿ ਅਸੀਂ ਇਸ ਸੰਦੇਸ਼ ਨੂੰ ਜੋ ਮੁਹਬੱਤ, ਪ੍ਰੇਮ, ਨੇਕੀ, ਸੁਲਾਹ ਤੇ ਬੰਦਿਆਂ ਦੇ ਹੱਕ ਪੂਰੇ ਕਰਨ ਵਾਲਾ ਸੰਦੇਸ਼ ਹੈ ਫ਼ੈਲਾਉਣ ਦਾ ਜਤਨ ਕਰਦੇ ਚਲੇ ਜਾਣਾ ਹੈ । ਇਸਲਾਮ ਦੇ ਨਾਂ'ਤੇ ਹਰ ਵਿਪਰੀਤ ਕੰਮ ਜੋ ਕਈ ਅਖੌਤੀ ਲੋਕ ਜਾਂ ਅਖੌਤੀ ਮੁਸਲਮਾਨ ਕਰਦੇ ਹਨ ਸਾਡਾ ਕੰਮ ਹੈ ਕਿ ਸਕਾਰਾਤਮਕ ਸਿੱਖਿਆ ਦੁਨੀਆ ਦੇ ਸਾਹਮਣੇ ਪੇਸ਼ ਕਰੀਏ । ਫ਼ਰਮਾਇਆ : ਸਾਡੇ ਕਈ ਯੂਨੀਵਰਸਿਟੀਆਂ ਵਿੱਚ ਪੜ੍ਹਨ ਵਾਲੇ ਮੁੰਡੇ ਕੁੜੀਆਂ ਦਾ ਵਿਚਾਰ ਹੈ ਕਿ ਸੰਭਵਤਾ ਕੁਝ ਸ਼ਾਸਤ੍ਰੀਆਂ ਤੇ ਵਿਦਵਾਨਾ ਨੂੰ ਪੜ੍ਹਕੇ ਜਾਂ ਪੁਰਾਣੇ ਇਮਾਮਾ ਅਤੇ ਔਲੀਆ ਦਾ ਵਰਨਣ ਪੜ੍ਹਕੇ ਉਹਨਾਂ ਦਾ ਗਿਆਨ ਬਹੁਤ ਵੱਧ ਗਿਆ ਹੈ ਅਤੇ ਉਹਨਾਂ ਦੀ ਸੀਖ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ । ਇਹ ਕੀੜਾ ਜੇਕਰ ਕਿਸੇ ਦਿਮਾਗ਼ ਵਿੱਚ ਹੈ ਤਾਂ ਉਸ ਨੂੰ ਕੱਢ ਦੇਣਾ ਚਾਹੀਦਾ ਹੈ । ਪੁਰਾਣੇ ਵਿਦਵਾਨਾ ਤੇ ਔਲੀਆ ਨੂੰ ਹੁਣ ਛਡੱਣ, ਹੁਣ ਹਕੀਕੀ

ਗਿਆਨ ਤੇ ਇਸਲਾਮ ਦੀ ਸਹੀ ਤਸਵੀਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਗਿਆਨ ਨੂੰ ਪੜ੍ਹਕੇ ਹੀ ਮਿਲ ਸਕਦਾ ਹੈ । ਚੇਤੇ ਰਖੱਣ ਜੋ ਨਿਰਣੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੀਤੇ ਹਨ ਉਹੋ ਅਸਲ ਫ਼ੈਸਲੇ ਹਨ ਅਤੇ ਆਪ ਜੀ ਦੇ ਸਾਹਿਤ ਦੀਆਂ ਨੀਹਾਂ ਉਪੱਰ ਜੋ ਵਿਸਥਾਰ ਜਮਾਤ ਦੇ ਖ਼ਲੀਫ਼ਾ ਸਾਹਿਬਾਨ ਨੇ ਕੀਤੇ ਹਨ ਉਹੋ ਹਕੀਕੀ ਵਿਆਖਿਆਵਾਂ ਹਨ । ਉਹਨਾਂ ਨੂੰ ਪੜ੍ਹਨ ਅਤੇ ਆਪਣਾ ਗਿਆਨ ਵਧਾਉਣ । ਫ਼ਰਮਾਇਆ : ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਯੁੱਗ ਦੇ 'ਹਕਮ' (ਉਪਦੇਸ਼ਕ) ਅਤੇ ਨਿਰਣਾਇਕ ਬਣਕੇ ਆਏ ਸਨ । ਸਾਨੂੰ ਇਹ ਗੱਲ ਹਰ ਸਮੇਂ ਚੇਤੇ ਰਖੱਣੀ ਚਾਹੀਦੀ ਹੈ । ਇਹ ਜੋ ਕੁਝ ਆਪਜੀ ਨੇ ਫ਼ਰਮਾਇਆ ਉਹੋ ਹੀ ਸੱਚ ਹੈ ਅਤੇ ਇਸਲਾਮ ਦੀ ਸਿੱਖਿਆ ਦੀ ਵਾਸਤਵਿਕਤਾ ਹੈ ।

ਰੱਬ ਨੇ ਜੱਦ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਭੇਜਿਆ ਹੈ ਇਸ ਜ਼ਮਾਨੇ ਦੇ ਸੁਧਾਰ ਲਈ ਤਾਂ ਆਪ ਨੂੰ ਸਿੱਧੇ ਰੂਪ ਵਿੱਚ ਗਿਆਨ ਵੀ ਬਖ਼ਸ਼ਿਆ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ ਜੋ ਮਨੁੱਖ ਇਮਾਨ ਲਿਆਉਂਦਾ ਹੈ ਉਸ ਨੂੰ ਆਪਣੀ ਆਸਥਾ ਨਾਲ ਵਿਸ਼ਵਾਸ਼ ਅਤੇ ਇਲਾਹੀ ਮਆਰਫ਼ਤ ਤੱਕ ਤਰੱਕੀ ਕਰਨੀ ਚਾਹੀਦੀ ਹੈ ਨ ਕਿ ਇਹ ਕਿ ਉਹ ਫਿਰ ਬਦਗੁਮਾਨੀ ਵਿੱਚ ਗ੍ਰਿੱਸਿਆ ਹੋਵੇ । ਫ਼ਰਮਾਇਆ : ਵਿਸ਼ਵਾਸ਼ ਤੋਂ ਬਿਨਾ ਕੁਝ ਨਹੀਂ ਹੁੰਦਾ । ਫ਼ਰਮਾਇਆ ਹੁਣ ਆਪ ਸੋਚ ਲਓ ਅਤੇ ਆਪਣੇ ਮਨਾਂ ਵਿੱਚ ਫ਼ੈਸਲਾ ਕਰ ਲਓ ਕਿ ਕੀ ਤੁਸੀਂ ਮੇਰੇ ਹੱਥ'ਤੇ ਜੋ ਬੈਅਤ ਕੀਤੀ ਹੈ ਅਤੇ ਮੈਂਨੂੰ ਮਸੀਹ ਮੌਊਦ ਹੋਣ ਦਾ ਉਪਦੇਸ਼ਕ ਤੇ ਨਿਰਣਾਇਕ ਮੰਨਿਆ ਹੈ ਤਾਂ ਇਸ ਮੰਨ੍ਹਣ ਦੇ ਬਾਦ ਮੇਰੇ ਕਿਸੇ ਫ਼ੈਸਲੇ ਜਾਂ ਕਰਮ ਉਪੱਰ ਮਨ ਵਿੱਚ ਕੋਈ ਨਫ਼ਰਤ ਜਾਂ ਦੁੱਖ ਆਉਂਦਾ ਹੈ ਤਾਂ ਆਪਣੇ ਇਮਾਨ ਦੀ ਚਿੰਤਾ ਕਰੋ । ਜੇਕਰ ਤੁਸੀਂ ਸੱਚੇ ਮਨ ਨਾਲ ਮੰਨ ਲਿਆ ਹੈ ਕਿ ਮਸੀਹ ਮੌਊਦ ਵਾਸਤਵ ਵਿੱਚ ਉਪਦੇਸ਼ਕ ਹਨ ਤਾਂ ਫਿਰ ਉਸ ਦੇ ਉਪਦੇਸ਼ ਤੇ ਕਰਮਾ ਸਾਹਮਣੇ ਆਪਣੇ ਹੱਥਿਆਰ ਸੁੱਟ ਦਿਓ, ਚੁੱਪ ਹੋ ਜਾਓ ਜੋ ਕਿਹਾ ਗਿਆ ਹੈ ਉਸ ਨੂੰ ਮੰਨੋ ਅਤੇ ਉਸ ਦੇ ਫ਼ੈਸਲਿਆਂ ਨੂੰ ਸਨਮਾਨ ਦੀ ਦ੍ਰਿਸ਼ਟੀ ਨਾਲ ਦੇਖੋ ਤਾਂ ਜੋ ਤੁਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀਆਂ ਪਾਕ ਗਲੱਾਂ ਦਾ ਸਨਮਾਨ ਤੇ ਵੱਡਿਆਈ ਕਰਨ ਵਾਲੇ ਠਹਿਰੋ । ਫ਼ਰਮਾਇਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀ ਗਵਾਹੀ ਬਹੁਤ ਹੈ ਉਹ ਤਸੱਲੀ ਦਿੰਦੇ ਹਨ ਕਿ ਜੋ ਮਸੀਹ ਮੌਊਦ ਆਏਗਾ ਉਹ ਤੁਹਾਡਾ ਇਮਾਮ ਹੋਵੇਗਾ ਅਤੇ ਉਹ 'ਹਕਮ ਤੇ ਅਦਲ' (ਉਪਦੇਸ਼ਕ ਤੇ ਨਿਰਣਾਇਕ) ਹੋਵੇਗਾ । ਜੇਕਰ ਇਸ'ਤੇ ਤਸੱਲੀ ਨਹੀਂ ਹੁੰਦੀ ਤਾਂ ਫਿਰ ਕੱਦ ਹੋਵੇਗੀ । ਫ਼ਰਮਾਉਂਦੇ ਹਨ ਕਿ ਮੈਂ ਜੇਕਰ ਸਚੱਾ ਨਹੀਂ ਤਾਂ ਜਾਓ ਸੱਚੇ ਦੀ ਭਾਲ ਕਰੋ ਅਤੇ ਯਕੀਨ ਜਾਣੋ ਕਿ ਇਸ ਸਮੇਂ ਹੋਰ ਸਚੱਾ ਨਹੀਂ ਮਿਲ ਸਕਦਾ ਅਤੇ ਫਿਰ ਜੇਕਰ ਕੋਈ ਦੂਜਾ ਸਚੱਾ ਨ ਮਿਲੇ ਅਤੇ ਨਹੀਂ ਮਿਲੇਗਾ ਤਾਂ ਫਿਰ ਮੈਂ ਐਨ੍ਹਾਂ ਹੱਕ ਮੰਗਦਾ ਹਾਂ, ਜੋ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਮ ਨੇ ਮੈਂਨੂੰ ਦਿਤੱਾ ਹੈ ।

ਆਪ ਅਲੈਹਿ ਸਲਾਮ ਨੇ ਵਿਰੋਧੀਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਫ਼ਰਮਾਇਆ ਕਿ ਖੇਦ ਦੀ ਗੱਲ ਹੈ ਕਿ ਜੇਕਰ ਤੁਸੀਂ ਸਾਫ਼ ਨੀਯਤ ਨਾਲ ਮੇਰੇ ਕੋਲ ਆਉਂਦੇ ਤਾਂ ਮੈਂ ਉਹਨਾਂ ਨੂੰ ਉਹ ਰੱਬ ਦਿਖਾਉਂਦਾ ਜੋ ਰੱਬ ਨੇ ਮੈਂਨੂੰ ਦਿਤੱਾ ਹੈ, ਉਹ ਰੱਬ ਜੋ ਆਪ ਆਪਣੀ ਮਿਹਰ ਕਰਦਾ ਹੈ ਅਤੇ ਉਹਨਾਂ ਨੂੰ ਸਮਝਾ ਦਿੰਦਾ ਹੈ, ਪਰ ਉਹਨਾਂ ਨੇ ਬੁਖ਼ਲ ਤੇ ਕੀਨੇ ਨਾਲ ਕੰਮ ਲਿਆ, ਹੁਣ ਮੈਂ ਉਹਨਾਂ ਨੂੰ ਕਿਵੇਂ ਸਮਝਾਵਾਂ, ਪਰ ਅਸੀਂ ਜੋ ਮੰਨ੍ਹਣ ਵਾਲੇ ਹਾਂ ਸਾਡਾ ਕੰਮ ਹੈ ਕਿ ਫਿਰ ਉਸ ਰੱਬ ਨਾਲ ਸੰਬੰਧ ਬਣਾਈਏ, ਦੁਨੀਆਦਾਰੀ ਵਿੱਚ ਨ ਪੈ ਜਾਈਏ ਇਹ ਦੁਨੀਆਂ ਆਰਜ਼ੀ ਟਿਕਾਣਾ ਹੈ ਇਸ ਲਈ ਸਾਨੂੰ ਚਿੰਤਾ ਕਰਨੀ ਚਾਹੀਦੀ ਹੈ ਪਰਲੋਕ ਦੀ ਵੀ । ਆਪ ਨੇ ਫ਼ਰਮਾਇਆ ਕਿ ਜੱਦ ਮਨੁੱਖ ਸੱਚੇ ਮਨ ਨਾਲ ਹੱਕ ਤਲਬੀ ਲਈ ਆਉਂਦਾ ਹੈ ਤਾਂ ਸਾਰੇ ਫ਼ੈਸਲੇ ਹੋ ਜਾਂਦੇ ਹਨ ਪਰ ਜੱਦ ਕੋਈ ਬਦਗੋਈ ਤੇ ਸ਼ਰਾਰਤ ਦਾ ਉਦੇਸ਼ ਹੋਵੇ ਤਾਂ ਕੁਝ ਵੀ

ਨਹੀਂ ਹੋ ਸਕਦਾ । ਫ਼ਰਮਾਇਆ ਕਿ 'ਹਿਜਾਜੁਲ ਕਿਰਾਮਾ' ਵਿੱਚ ਇਬਨੇ ਅਰਬੀ ਦੇ ਹਵਾਲੇ ਨਾਲ ਲਿੱਖਿਆ ਹੈ ਕਿ ਮਸੀਹ ਮੌਊਦ ਜੱਦ ਆਏਗਾ ਤਾਂ ਉਸ ਨੂੰ ਝੂਠ ਘੜਨ ਵਾਲਾ ਤੇ ਜਾਹਲ ਕਿਹਾ ਜਾਏਗਾ ਅਤੇ ਏਥੋਂ ਤੱਕ ਵੀ ਕਿਹਾ ਜਾਏਗਾ ਕਿ ਉਹ ਧਰਮ ਵਿੱਚ ਤਬਦੀਲੀ ਕਰਦਾ ਹੈ । ਇਸ ਸਮੇਂ ਅਜਿਹਾ ਹੀ ਹੋ ਰਿਹਾ ਹੈ । ਇਸ ਪ੍ਰਕਾਰ ਦੇ ਆਰੋਪ ਮੈਨੂੰ ਦਿੱਤੇ ਜਾ ਰਹੇ ਹਨ । ਇਹਨਾਂ ਸ਼ੰਕਾਵਾਂ ਤੋਂ ਮਨੁੱਖ ਉਦੋਂ ਮੁਕਤੀ ਪ੍ਰਾਪਤ ਕਰ ਸਕਦਾ ਹੈ ਜੱਦ ਉਹ ਆਪਣੇ ਮਤਿਭੇਦਾਂ ਨੂੰ ਢੱਕ ਲਏ ਅਤੇ ਆਪ ਆਪਣੀਆਂ ਵਿਆਖਿਆਵਾਂ ਨ ਪੇਸ਼ ਕਰਦਾ ਫਿਰੇ । ਉਹ ਇਕ ਪਾਸੇ ਰੱਖ ਦੇਵੇ । ਫ਼ਰਮਾਇਆ ਕਿ ਇਸ ਥਾਂ ਉਹ ਚਿੰਤਾ ਕਰੇ ਕੀ ਇਹ ਸਚੱ ਹੈ ਜਾਂ ਨਹੀਂ । ਇਹ ਦੇਖੇ ਅਤੇ ਇਸ ਗੱਲ ਦੀ ਚਿੰਤਾ ਕਰੋ ਅਤੇ ਅਲੱਾਹ ਤੋਂ ਦੁਆ ਮੰਗੋ ਕਿ ਇਹ ਸਚੱਾ ਹੈ ਜਾਂ ਨਹੀਂ । ਕਈ ਕੰਮ ਆਪ ਫ਼ਰਮਾਉਂਦੇ ਹਨ ਕਈ ਕੰਮ ਬੇਸ਼ਕ ਸਮਝ ਤੋਂ ਉਪੱਰ ਹੁੰਦੇ ਹਨ ਪਰ ਜੋ ਲੋਕ ਪੈਗੰਬਰਾਂ ਉਪੱਰ ਇਮਾਨ ਲਿਆਉਂਦੇ ਹਨ ਉਹ ਚੰਗੇ ਗੁਮਾਨ ਤੇ ਸਬਰ ਅਤੇ ਨਿਰੰਤਰਤਾ ਨਾਲ ਇਕ ਸਮੇਂ ਦੀ ਉਡੀਕ ਕਰਦੇ ਹਨ ਤਾਂ ਅਲੱਾਹ ਉਹਨਾਂ'ਤੇ ਅਸਲ ਹਕੀਕੀਤ ਖੋਲ ਦਿੰਦਾ ਹੈ । ਫ਼ਰਮਾਇਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਸਮੇਂ ਸਹਬਾ ਪ੍ਰਸ਼ਨ ਨਹੀਂ ਕਰਦੇ ਸਨ ਸਗੋਂ ਉਡੀਕ ਵਿੱਚ ਰਹਿੰਦੇ ਸਨ ਕਿ ਕੋਈ ਆਣਕੇ ਸਵਾਲ ਕਰੇ ਤਾਂ ਉਹ ਲਾਭ ਉਠਾਉਣ ਨਹੀਂ ਤਾਂ ਚੁੱਪ ਰਹਿੰਦੇ ਸਨ ਅਤੇ ਪ੍ਰਸ਼ਨ ਕਰਨ ਦੀ ਜੁਰੱਤ ਨਹੀਂ ਕਰਦੇ ਸਨ । ਫ਼ਕਰਮਾਇਆ ਕਿ ਮੇਰੇ ਅਨੁਸਾਰ ਸਭ ਤੋਂ ਚੰਗਾ ਤੇ ਸਿਧੱਾ ਤਰੀਕਾ ਇਹੋ ਹੈ ਕਿ ਅਦਬ ਕਰੇ ਜੋ ਮਨੁੱਖ ਨਬੀ ਦੇ ਅਦਬ ਨੂੰ ਨਹੀਂ ਸਮਝਦਾ ਅਤੇ ਉਸ ਨੂੰ ਨਹੀਂ ਅਪਣਾਉਂਦਾ ਸੰਦੇਹ ਹੈ ਕਿ ਉਹ ਬਰਬਾਦ ਕੀਤਾ ਜਾਵੇ । ਆਪਣਿਆਂ ਨੂੰ ਵੀ ਨਾਲ ਹੀ ਨਸੀਹਤ ਕਰ ਦਿੱਤੀ ਕਿ ਬਦਜ਼ੰਨੀਆਂ ਵੀ ਨਹੀਂ ਹੋਣੀਆਂ ਚਾਹੀਦੀਆਂ ਪ੍ਰਸ਼ਨ, ਬਿਨਾ ਵਜਾਹ ਦੇ ਪ੍ਰਸ਼ਨ ਨਹੀਂ ਹੋਣੇ ਚਾਹੀਦੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਪਹਿਲੀ ਗੱਲ ਤਾਂ ਸਾਨੂੰ ਕਿਸੇ ਹੀਨ ਭਾਵਨਾ ਦਾ ਸ਼ਿਕਾਰ ਹੋਣ ਦੀ ਲੋੜ ਨਹੀਂ । ਕਈ ਮਾਮਲਿਆਂ ਵਿੱਚ ਜੇਕਰ ਪੁਰਾਣੇ ਬਜ਼ੁਰਗਾਂ ਅਤੇ ਔਲੀਆ ਦੀਆਂ ਰਾਏ ਹਨ, ਉਹ ਤਾਂ ਇਸ ਆਦੇਸ਼ ਤੇ ਨਿਰਣੇ ਸਾਹਮਣੇ ਕੋਈ ਸਥਿਤੀ ਨਹੀਂ ਰਖੱਦੀਆਂ । ਜੱਦ 'ਖ਼ਾਤਮੁਲ ਖ਼ੁਲਫ਼ਾ' ਅਤੇ 'ਖ਼ਾਤਮੁਲ ਔਲੀਆ' ਅਤੇ ਮੁਜੱਦਿਦ ਆਖ਼ਿਰੁਜ਼ੱਮਾਂ (ਅੰਤਮ ਯੁਗ ਦੇ ਮੁਜਦੱਦ) ਅਤੇ ਉਪੇਦੇਸ਼ਕ ਤੇ ਨਿਰਣਾਇਕ ਆ ਗਿਆ ਤਾਂ ਫਿਰ ਇਸ ਦੇ ਫ਼ੈਸਲੇ ਹਨ ਅਤੇ ਜੋ ਉਸ ਦਾ ਗਿਆਨ ਹੈ ਅਤੇ ਜੋ ਉਸ ਨੇ ਇਸਲਾਮ ਬਾਰੇ ਦੱਸੇ ਹਨ ਉਹੋ ਹੀ ਸੱਚੇ ਹਨ ਬਾਕੀ ਸਾਰੇ ਗ਼ਲਤ ਹਨ । ਅਸੀਂ ਬੈਅਤ ਦੇ ਬਾਦ ਇਸ ਦੀ ਪੈਰ੍ਵੀ ਕਰਨੀ ਹੈ ।

ਦੂਜੀ ਗੱਲ ਇਹ ਵੀ ਚੇਤੇ ਰਖੱਣੀ ਹੈ ਕਿ ਜੋ ਲਿਟ੍ਰੇਚਰ ਅਤੇ ਕਿਤਾਬਾਂ ਮਸੀਹ ਮੌਊਦ ਅਲੈਹਿ ਸਲਾਮ ਨੇ ਛੱਡੀਆਂ ਹਨ ਉਸ ਨੂੰ ਪੜ੍ਹਨਾ ਹੈ ਅਤੇ ਉਸ ਰਾਹੀਂ ਗਿਆਨ ਹਾਸਲ ਕਰਨਾ ਹੈ ਜੋ ਹਕੀਕੀ ਇਸਲਾਮ ਬਾਰੇ ਦਸੱਦਾ ਹੈ । ਪ੍ਰਤੀਦਿਨ ਦੀਆਂ ਸਮੱਸਿਆਵਾਂ ਅਤੇ ਮਾਮਲੇ ਇਹਨਾਂ ਦੇ ਹਵਾਲਿਆਂ ਨਾਲ ਹੀ ਦੇਣੇ ਚਾਹੀਦੇ ਹਨ ਅਤੇ ਇਹ ਜ਼ਰੂਰੀ ਹਨ । ਸੋ, ਹਰ ਅਹਮਦੀ ਨੂੰ ਆਪ ਅਲੈਹਿ ਸਲਾਮ ਦੇ ਲਿਟ੍ਰੇਚਰ ਤੋਂ ਆਪ ਵੀ ਵੱਧ ਤੋਂ ਵੱਧ ਲਾਭ ਉਠਾਉਂਣਾ ਹੈ ਅਤੇ ਅੱਗੇ ਫੈਲਾਉਣਾ ਹੈ । ਸਾਨੂੰ ਇਸ ਗੱਲ ਦੀ ਪਰਵਾਹ ਨਹੀਂ ਅਤੇ ਨ ਹੀ ਕਰਨੀ ਚਾਹੀਦੀ ਹੈ ਕਿ ਦੁਨੀਆ ਕੀ ਆਖੇਗੀ । ਸੋ, ਸਾਨੂੰ ਡਰਨ ਦੀ ਲੋੜ ਨਹੀਂ ਜਿਸ ਨੂੰ ਧਰਮ ਨੇ ਗ਼ਲਤ ਕਿਹਾ ਅਸੀਂ ਉਸਨੂੰ ਗ਼ਲਤ ਆਖਣਾ ਹੈ ਇਹ ਗਲੱਾਂ ਹਰ ਅਹਮਦੀ ਨੂੰ ਆਪਣੇ ਸਚ ਵਿੱਚ ਬਿਠਾ ਲੈਂਣੀਆਂ ਚਾਹੀਦੀਆਂ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜੋ ਕਿਹਾ ਸੀ ਕਿ ਬਹੁਤੇ ਪ੍ਰਸ਼ਨ ਨਹੀਂ ਕਰਨੇ ਚਾਹੀਦੇ ਇਸ ਲਈ ਕਿ ਇਸ ਤੋਂ ਪੂਰਨ ਆਗਿਆਕਾਰੀ ਪ੍ਰਕਟ ਨਹੀਂ ਹੁੰਦੀ । ਇਸ ਲਈ ਫ਼ਰਮਾਇਆ ਕਿ ਨਬੀ ਦਾ ਕਿਆੜਾ ਗਿਆਨ ਅਜਿਹਾ ਹੁੰਦਾ ਹੈ ਕਿ ਆਉਣ ਵਾਲਿਆਂ ਦੇ ਪ੍ਰਸ਼ਨਾ ਦੇ ਉਤੱਰ ਉਹਨਾਂ ਦੀ ਸੋਚ ਵਿੱਚ ਹੁੰਦਿਆ ਹੋਇਆਂ ਹੀ ਦੇ ਦਿੰਦਾ ਹੈ । ਜੇਕਰ ਇਕ ਜਾਂ ਕਈ ਆਉਣ ਵਾਲੇ ਇਹ ਕਹਿ

ਸਕਦੇ ਹਨ ਕਿ ਮੈਂਨੂੰ ਜੋ ਕਿ ਮੈਂ ਇਕ ਤੁੱਛ ਜਿਹਾ ਹਜ਼ਰਤ ਮਸੀਂਹ ਮੌਊਦ ਅਲੈਹਿ ਸਲਾਮ ਦਾ ਗ਼ੁਲਾਮ ਹਾਂ ਕਿ ਸਾਡੀਆਂ ਸੋਚਾਂ ਵਿੱਚ ਜੋ ਪ੍ਰਸ਼ਨ ਸਨ ਇਸ ਭਾਸ਼ਣ ਨੇ ਸਾਡੇ ਸਾਰਿਆਂ ਪ੍ਰਸ਼ਨਾ ਦੇ ਉਤੱਰ ਦੇ ਦਿੱਤੇ । ਸੋ, ਇਹੋ ਤਾਂ ਨਬੀ ਦਾ ਕਿਆਫ਼ਾ ਗਿਆਨ ਹੈ ਜੋ ਬਹੁਤ ਅਧਿਕ ਹੁੰਦਾ ਹੈ । ਇਸ ਲਈ ਹਰ ਬਰੀਕੀ ਵਿੱਚ ਜਾਕੇ ਉਹ ਉਤੱਰ ਦੇ ਦਿੰਦੇ ਹਨ ਹਰ ਜਵਾਬ ਪਾਉਣ ਵਾਲਿਆਂ ਦੇ । ਇਸ ਲਈ ਇਹ ਨਹੀਂ ਸਮਝਣਾ ਚਾਹੀਦਾ ਹੈ ਕਿ ਉਤੱਰ ਕੋਈ ਨਹੀਂ ਹੈ, ਉਤੱਰ ਹਨ ਪਰ ਮੰਨ੍ਹਣ ਵਾਲਿਆਂ ਦਾ ਇਹ ਵੀ ਕੰਮ ਹੈ ਕਿ ਆਗਿਆਕਾਰੀ ਦੇ ਮਿਆਰਾਂ ਨੂੰ ਬੁਲੰਦ ਕਰਨ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਾਰ ਵਾਰ ਆਪਣੀ ਜਮਾਤ ਨੂੰ ਨਸੀਹਤ ਕੀਤੀ ਕਿ ਉਹਨਾਂ ਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ ਅਤੇ ਉਹਨਾਂ ਦੇ ਇਮਾਨ ਦੀ ਕੀ ਅਵਸਥਾ ਹੋਣੀ ਚਾਹੀਦੀ ਹੈ । ਇਸ ਹਵਾਲੇ ਨਾਲ ਵੀ ਮੈਂ ਆਪ ਦਾ ਇਕ ਕਥਨ ਪੇਸ਼ ਕਰਦਾ ਹਾਂ ਤਾਂ ਜੋ ਬੈਅਤ ਦਾ ਹੱਕ ਪੂਰਾ ਕਰਨ ਵਾਲਾ ਸਾਡੇ ਵਿੱਚੋਂ ਹਰ ਕਈ ਬਣ ਜਾਵੇ । ਆਪ ਆਪਣੀ ਜਮਾਤ ਨੂੰ ਇਕ ਬਹੁਤ ਜ਼ਰੂਰੀ ਨਸੀਹਤ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ :

ਅੱਜ ਕਲੱ ਸਮਾਂ ਬਹੁਤ ਖ਼ਰਾਬ ਹੋ ਰਿਹਾ ਹੈ । ਭਿੰਨ ਭਿੰਨ ਪ੍ਰਕਾਰ ਦੇ ਸ਼ਿਰਕ, ਬਿਦਤਾਂ, ਕੁਰੀਤੀਆਂ ਅਤੇ ਬੁਰਾਈਆਂ ਪੈਦਾ ਹੋ ਗਈਆਂ ਹਨ । ਬੈਅਤ ਸਮੇਂ ਜੋ ਇਕਰਾਰ ਕੀਤਾ ਜਾਂਦਾ ਹੈ ਕਿ ਧਰਮ ਨੂੰ ਦੁਨੀਆਂ'ਤੇ ਪਹਿਲ ਦਿਆਂਗਾ, ਇਹ ਇਕਰਾਰ ਰੱਬ ਦੇ ਸਾਹਮਣੇ ਪ੍ਰਣ ਹੈ । ਹੁਣ ਚਾਹੀਦਾ ਹੈ ਕਿ ਇਸ'ਤੇ ਮੌਤ ਤੱਕ ਕਾਇਮ ਰਹੇ ਨਹੀਂ ਤਾਂ ਇਹ ਸਮਝੋ ਕਿ ਬੈਅਤ ਨਹੀਂ ਕੀਤੀ । ਆਪ ਰੱਬ ਦੀ ਇਛੱਾ ਅਨੁਸਾਰ ਪੂਰਨ ਸੰਜਮਤਾ ਧਾਰਨ ਕਰੋ । ਸਮਾਂ ਨਾਜ਼ੁਕ ਹੈ ਇਲਾਹੀ ਕਹਿਰ ਪ੍ਰਕਟ ਹੋ ਰਿਹਾ ਹੈ ਅਤੇ ਜੋ ਰੱਬ ਦੀ ਮਰਜ਼ੀ ਅਨੁਸਾਰ ਆਪਣੇ ਆਪ ਨੂੰ ਬਣਾ ਲਏ ਗਾ ਉਹ ਆਪਣੀ ਜਾਨ ਤੇ ਆਪਣੀ ਸੰਤਾਨ ਤੇ ਪਰਿਵਾਰ'ਤੇ ਰਹਿਮ ਕਰੇਗਾ ਦੁਨੀਆ ਦੇ ਹਾਲਾਤ ਵਿਗੜ ਰਹੇ ਹਨ ਅੱਜ ਕਲ ਇਸ'ਤੇ ਗ਼ੌਰ ਕਰਦਿਆਂ ਹੋਇਆਂ ਸਾਰਿਆਂ ਨੂੰ ਰੱਬ ਵੱਲ ਬਹੁਤ ਧਿਆਨ ਦੇਣਾ ਚਾਹੀਦਾ ਹੈ । ਖ਼ੂਬ ਚੇਤੇ ਰਖੱਣਾ ਚਾਹੀਦਾ ਹੈ ਕਿ ਰੱਬ ਦੀਆਂ ਕੁਝ ਗੱਲਾਂ ਨੂੰ ਨ ਮੰਨ੍ਹਣਾ ਉਸ ਦੀਆਂ ਸਾਰੀਆਂ ਗੱਲਾਂ ਨੂੰ ਛਡੱਣਾ ਹੁੰਦਾ ਹੈ । ਜੇ ਕਰ ਇਕ ਭਾਗ ਸ਼ੈਤਾਨ ਦਾ ਹੈ ਅਤੇ ਇਕ ਭਾਗ ਰੱਬ ਦਾ ਹੈ ਤਾਂ ਰੱਬ ਇਹ ਭਾਗੀਦਾਰੀ ਪਸੰਦ ਨਹੀਂ ਕਰਦਾ । ਭਾਵੇਂ ਰੱਬ ਵੱਲ ਆਉਣਾ ਬਹੁਤ ਮੁਸ਼ਕਲ ਹੁੰਦਾ ਹੈ ਅਤੇ ਇਕ ਪ੍ਰਕਾਰ ਦੀ ਮੌਤ ਹੈ ਪਰ ਅਖ਼ੀਰ ਜੀਵਨ ਵੀ ਇਸੇ ਵਿੱਚ ਹੈ ਜੋ ਆਪਣੇ ਅੰਦਰੋਂ ਸ਼ੈਤਾਨੀ ਭਾਗ ਨੂੰ ਕਢੱਕੇ ਸੁੱਟ ਦਿੰਦਾ ਹੈ ਉਹ ਮੁਬਾਰਕ ਇਨਸਾਨ ਹੈ ਅਤੇ ਉਸ ਦੇ ਘਰ, ਆਪੇ (ਨਫ਼ਸ) ਅਤੇ ਸ਼ਹਿਰ ਹਰ ਥਾਂ ਉਸ ਦੀ ਬਰਕਤ ਪਹੁੰਚਦੀ ਹੈ, ਪਰ ਜੇਕਰ ਉਸ ਦੇ ਹਿੱਸੇ ਵਿੱਚ ਥੋੜਾ ਆਇਆ ਤਾਂ ਉਹ ਬਰਕਤ ਨਹੀਂ ਹੋਵੇਗੀ । ਜਿਸ ਪ੍ਰਕਾਰ ਮਨੁੱਖ ਅੱਗੇ ਮੂੰਹ ਰਾਹੀਂ ਬਹੁਤ ਸਾਰੀਆਂ ਗੱਲਾਂ ਕਰੋ ਪਰ ਅਮਲੀ ਤੌਰ'ਤੇ ਕੁਝ ਵੀ ਨ ਕਰੋ ਤਾਂ ਉਹ ਖ਼ੁਸ਼ ਨਹੀ ਹੋਵੇਗਾ । ਉਸੇ ਪ੍ਰਕਾਰ ਰੱਬ ਦਾ ਮਾਮਲਾ ਹੈ ਉਹ ਸਾਰਿਆਂ ਗ਼ੈਰਤ ਰਖੱਣ ਵਾਲਿਆਂ ਤੋਂ ਵੱਧ ਗ਼ੈਰਤ ਰਖੱਣ ਵਾਲਾ ਹੈ । ਫ਼ਰਮਾਇਆ ਬਦੀ ਦੋ ਪ੍ਰਕਾਰ ਦੀ ਹੈ ਇਕ ਰੱਬ ਨਾਲ ਸ਼ਿਰਕ ਕਰਨਾ ਅਤੇ ਉਸ ਦਾ ਸਨਮਾਨ ਨ ਕਰਨਾ, ਉਸਦੀ ਇਬਾਦਤ ਤੇ ਆਗਿਆਕਾਰੀ ਵਿੱਚ ਸੁਸਤੀ ਕਰਨਾ ਦੂਜਾ ਉਸ ਦੇ ਬੰਦਿਆਂ ਉਪੱਰ ਮਿਹਰ ਨ ਕਰਨਾ ਉਹਨਾ ਦੇ ਹੱਕ ਪੂਰੇ ਨ ਕਰਨਾ । ਹੁਣ ਚਾਹੀਦਾ ਹੈ ਕਿ ਦੋਹਾਂ ਪ੍ਰਕਾਰ ਦੀ ਖ਼ਰਾਬੀ ਨ ਕਰੋ । ਰੱਬ ਦੀ ਆਗਿਆਕਾਰੀ ਉਪੱਰ ਕਾਇਮ ਰਹੋ । ਜੋ ਪ੍ਰਣ ਤੁਸੀਂ ਬੈਅਤ ਵਿੱਚ ਕੀਤਾ ਹੈ ਉਸ'ਤੇ ਕਾਇਮ ਰਹੋ । ਰੱਬ ਦੇ ਬੰਦਿਆਂ ਨੂੰ ਕਸ਼ਟ ਨ ਦਿਓ, ਕੁਰਆਨ ਕਰੀਮ ਬਹੁਤ ਗ਼ੌਰ ਨਾਲ ਪੜ੍ਹੋ, ਉਸ'ਤੇ ਅਮਲ ਕਰੋ, ਹਰ ਪ੍ਰਕਾਰ ਦੇ ਠੱਠੇ, ਹਾਸੇ ਤੇ ਬੇਹੂਦਾ ਤੇ ਮੁਸ਼ਰਿਕਾਂ ਵਾਲੀਆਂ ਗੱਲਾਂ ਤੇ ਸੰਗਤ ਤੋਂ ਬਚੋ । ਪੰਜੇ ਵੇਲੇ ਦੀਆਂ ਨਮਾਜ਼ਾਂ ਕਾਇਮ ਕਰੋ ਭਾਵ ਇਹ ਕਿ ਕੋਈ ਇਲਾਹੀ ਹੁਕਮ ਅਜਿਹਾ ਨ ਹੋਵੇ ਜਿਸ

ਨੂੰ ਤੁਸੀਂ ਟਾਲ ਦਿਓ, ਬਦਨ (ਸ਼ਰੀਰ) ਨੂੰ ਸਾਫ਼ ਰੱਖੋ ਅਤੇ ਮਨ ਨੂੰ ਹਰ ਪ੍ਰਕਾਰ ਦੇ ਕੀਨੇ, ਸਾੜ੍ਹੇ ਤੇ ਹਸਦ ਤੋਂ ਪਾਕ ਕਰੋ । ਇਹ ਉਹ ਗਲੱਾਂ ਹਨ ਜੋ ਰੱਬ ਤੁਹਾਥੋਂ ਚਾਹੁੰਦਾ ਹੈ ।

ਹਜ਼ੂਰ ਨੇ ਫ਼ਰਮਾਇਆ : ਹਰ ਇਕ ਨੂੰ ਆਪਣੇ ਜਾਇਜ਼ੇ ਲੈਂਣ ਦੀ ਲੋੜ ਹੈ ਕਿ ਕਿੱਥੋਂ ਤੱਕ ਆਪਣੇ ਆਪ ਨੂੰ ਬੇਹੂਦਾ ਤੇ ਮੁਸ਼ਰਕੀ ਸੰਗਤ ਤੋਂ ਬਚਾਇਆ ਹੋਇਆ ਹੈ । ਫ਼ਰਮਾਇਆ : ਇੰਟਰਨੈਟ ਹੈ, ਟੀਵੀ ਹੈ ਜਾਂ ਕੋਈ ਅਜਿਹਾ ਕੰਮ ਜਾਂ ਸੰਗਤ ਹੈ ਜੋ ਨਮਾਜ਼ਾਂ ਤੇ ਇਬਾਦਤ ਤੋਂ ਗ਼ਾਫ਼ਲ ਕਰ ਰਹੀ ਹੈ ਤਾਂ ਉਹ ਮੁਸ਼ਰਕੀ (ਸ਼ਿਰਕ ਕਰਨ ਵਾਲੀ) ਸੰਗਤ ਹੈ । ਸੋ, ਇਸ ਡੂੰਘਿਆਈ ਨਾਲ ਜਾਇਜ਼ਾ ਲੈਂਣ ਦੀ ਲੋੜ ਹੈ ਸਾਨੂੰ । ਆਪ ਅਲੈਹਿ ਸਲਾਮ ਨੇ ਵਿਸ਼ੇਸ਼ ਰੂਪ ਵਿੱਚ ਧਿਆਨ ਦੁਆਇਆ ਕਿ ਪੰਜ ਵੇਲੇ ਦੀਆਂ ਨਮਾਜ਼ਾਂ ਕਾਇਮ ਕਰੋ ਅਤੇ ਨਮਾਜ਼ਾਂ ਨੂੰ ਪੜ੍ਹਨਾ ਜਮਾਤ ਨਾਲ ਪੜ੍ਹਨਾ ਹੈ ਅਤੇ ਬਕਾਇਦਾ ਸਮੇਂ'ਤੇ ਪੜ੍ਹਨਾ ਹੈ, ਮੈਂ ਤਾਂ ਜਾਇਜ਼ਾ ਲਿਆ ਹੈ ਮੈਂਨੂੰ ਤਾਂ ਇਸ ਵਿੱਚ ਬਹੁਤ ਕਮਜ਼ੋਰੀ ਦਿਖਾਈ ਦੇ ਰਹੀ ਹੈ, ਏਥੇ ਵੀ । ਇਸੇ ਪ੍ਰਕਾਰ ਜੋ ਸਮਾਜਕ ਬੁਰਾਈਆਂ ਹਨ ਕਿ ਆਪੋ ਵਿੱਚ ਪ੍ਰੇਮ, ਪਿਆਰ ਤੇ ਭਾਈਚਾਰੇ ਦੇ ਉਹ ਮਿਆਰ ਨਹੀਂ ਹਨ ਜੋ ਹੋਣੇ ਚਾਹੀਦੇ ਹਨ ਸਗੋਂ ਕੀਨਾਂ, ਸਾੜ੍ਹਾ ਤੇ ਦੁਵੇਸ਼ ਪਾਇਆ ਜਾਂਦਾ ਹੈ, ਸੋ, ਆਪਣੇ ਗਰੇਬਾਨਾਂ ਵਿੱਚ ਝਾਤੀ ਮਾਰਨ ਦੀ ਹਰ ਇਕ ਨੂੰ ਲੋੜ ਹੈ, ਦੂਜਿਆਂ ਨੂੰ ਨ ਦੇਖੋ ਕਿ ਕੋਈ ਕਿਹੋ ਜਿਹਾ ਹੈ, ਆਪਣਾ ਸੁਧਾਰ ਕਰੋ, ਆਪਣੇ ਆਪ ਨੂੰ ਦੇਖੋ । ਆਪਣਾ ਸੁਧਾਰ ਕਰ ਲਓਗੇ ਤਾਂ ਬਾਕੀ ਦੀਆਂ ਬੁਰਾਈਆਂ ਵੀ ਦੂਰ ਹੋ ਜਾਣ ਗੀਆਂ । ਕੋਈ ਇਹ ਦਾਵਾ ਨਹੀਂ ਕਰ ਸਕਦਾ ਕਿ ਮੈਂ ਹਰ ਪੱਖੋਂ ਪਾਕ ਹਾਂ ।

ਸੋ, ਹਮੇਸ਼ਾ ਆਪਣੀਆਂ ਕੁਤਾਹੀਆਂ ਤੇ ਗ਼ਲਤੀਆਂ ਲਈ ਸਾਨੂੰ 'ਅਸਤਗ਼ਫ਼ਾਰ' ਕਰਦੇ ਰਹਿਣਾ ਚਾਹੀਦਾ ਹੈ । ਅਲੱਾਹ ਤਆਲਾ ਸਾਨੂੰ ਸਾਰਿਆਂ ਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਅਸੀਂ ਹਕੀਕੀਤ ਵਿੱਚ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਦਾ ਹੱਕ ਪੂਰਾ ਕਰਨ ਵਾਲੇ ਹੋਈਏ ।

**Khulasa Khutba Jumma 21.04.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131